ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
ਇੰਡੀਅਨ ਵੀਜ਼ਾ OCI & Passport Renewal 514-389-7070
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

0.001% ਲੋਕਾਂ ਕੋਲ ਅੱਧੀ ਦੁਨੀਆਂ ਤੋਂ ਤਿੰਨ ਗੁਣਾ ਜ਼ਿਆਦਾ ਦੌਲਤ

ਮੁੰਬਈ: ਦੁਨੀਆਂ ਅਮੀਰ ਤਾਂ ਹੋ ਰਹੀ ਹੈ, ਪਰ ਇਹ ਦੌਲਤ ਸਾਰਿਆਂ 'ਚ ਬਰਾਬਰ ਨਹੀਂ ਵੰਡੀ ਜਾ



ਰਹੀ। ਇੱਕ ਤਾਜ਼ਾ ਰਿਪੋਰਟ ਅਨੁਸਾਰ ਦੁਨੀਆਂ ਦੀ ਅਸਮਾਨਤਾ ਦੀ ਖਾਈ ਲਗਾਤਾਰ ਡੂੰਘੀ ਹੁੰਦੀ ਜਾ ਰਹੀ ਹੈ। ਹੈਰਾਨੀਜਨਕ ਅੰਕੜਾ ਇਹ ਹੈ ਕਿ ਦੁਨੀਆਂ ਦੇ ਸਿਖ਼ਰਲੇ 56 ਹਜ਼ਾਰ (0.001%) ਅਮੀਰਾਂ ਕੋਲ ਅੱਧੀ ਦੁਨੀਆਂ ਦੀ ਕੁੱਲ ਆਬਾਦੀ ਨਾਲੋਂ ਤਿੰਨ ਗੁਣਾ ਜ਼ਿਆਦਾ ਦੌਲਤ ਹੈ।

ਦੌਲਤ ਅਤੇ ਆਮਦਨੀ 'ਚ ਵੱਡਾ ਫ਼ਰਕ: ਸਰੋਤਾਂ ਅਨੁਸਾਰ ਦੁਨੀਆਂ ਦੀ ਕੁੱਲ 75% ਦੌਲਤ ਸਿਰਫ਼ ਉੱਪਰਲੇ 10% ਲੋਕਾਂ ਦੇ ਕਬਜ਼ੇ 'ਚ ਹੈ ਜਦੋਂ ਕਿ ਹੇਠਲੇ 50% ਲੋਕਾਂ ਦੇ ਹਿੱਸੇ ਸਿਰਫ਼ 2% ਦੌਲਤ ਹੀ ਆਉਂਦੀ ਹੈ। ਜੇਕਰ ਆਮਦਨੀ ਦੀ ਗੱਲ ਕਰੀਏ ਤਾਂ ਸਿਖਰਲੇ 10% ਲੋਕ ਕੁੱਲ ਗਲੋਬਲ ਆਮਦਨੀ ਦਾ 53% ਹਿੱਸਾ ਲੈ ਜਾਂਦੇ ਹਨ ਜਦੋਂ ਕਿ ਹੇਠਲੀ 50% ਆਬਾਦੀ ਸਿਰਫ਼ 8% ਆਮਦਨੀ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹੈ।

ਜਲਵਾਯੂ ਸੰਕਟ ਲਈ ਅਮੀਰ ਵਧੇਰੇ ਜ਼ਿੰਮੇਵਾਰ ਰਿਪੋਰਟ 'ਚ ਇਹ ਵੀ ਖ਼ੁਲਾਸਾ ਹੋਇਆ ਹੈ ਕਿ ਜਲਵਾਯੂ ਤਬਦੀਲੀ ਲਈ ਅਮੀਰ ਵਰਗ ਸਭ ਤੋਂ ਵੱਧ ਜ਼ਿੰਮੇਵਾਰ ਹੈ। ਸਿਖ਼ਰਲੇ 10% ਪੂੰਜੀਪਤੀ ਦੁਨੀਆਂ ਦੇ 77% ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ ਜਦੋਂ ਕਿ ਹੇਠਲੇ 50% ਲੋਕਾਂ ਦਾ ਯੋਗਦਾਨ ਸਿਰਫ਼ 3% ਹੈ। ਇਸ ਦੇ ਬਾਵਜੂਦ ਜਲਵਾਯੂ ਪਰਿਵਰਤਨ ਦੇ ਜ਼ੋਖ਼ਮਾਂ ਦਾ ਸਾਹਮਣਾ ਅਕਸਰ ਗ਼ਰੀਬ ਵਰਗ ਨੂੰ ਹੀ ਕਰਨਾ ਪੈਂਦਾ ਹੈ।

ਸਿੱਖਿਆ ਦੇ ਮੌਕਿਆਂ 'ਚ ਵੀ ਭਾਰੀ ਅਸਮਾਨਤਾ: ਅਮੀਰ ਅਤੇ ਗਰੀਬ ਬੱਚਿਆਂ ਵਿਚਕਾਰ ਸਿੱਖਿਆ 'ਤੇ ਹੋਣ ਵਾਲੇ ਖ਼ਰਚੇ 'ਚ 1 ਅਤੇ 41 ਦਾ ਵੱਡਾ ਪਾੜਾ ਹੈ। ਅਫ਼ਰੀਕਾ 'ਚ ਪ੍ਰਤੀ ਬੱਚਾ ਸਰਕਾਰੀ ਸਿੱਖਿਆ ਖਰਚਾ ਲਗਭਗ 22,0000 ਰੁਪਏ ਹੈ। ਅਮਰੀਕਾ 'ਚ ਇਹੀ ਖ਼ਰਚਾ 29.38 ਲੱਖ ਰੁਪਏ ਪ੍ਰਤੀ ਬੱਚਾ ਹੈ।

ਭਵਿੱਖ ਲਈ ਚਿਤਾਵਨੀ: ਸਾਲ 1995 ਤੋਂ 2025 ਤਕ ਅਮੀਰਾਂ ਦੀ ਆਮਦਨੀ 'ਚ 31% ਦਾ ਵਾਧਾ ਹੋਇਆ ਹੈ। ਰਿਪੋਰਟ ਮੁਤਾਬਿਕ ਜੇਕਰ ਨੀਤੀਆਂ 'ਚ ਬਦਲਾਅ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ 'ਚ ਇਹ ਖਾਈ ਹੋਰ ਵੀ ਡੂੰਘੀ ਹੋ ਸਕਦੀ ਹੈ ਜਿਸ ਨਾਲ ਆਰਥਿਕ ਅਸਮਾਨਤਾ ਤੇਜ਼ੀ ਨਾਲ ਵਧੇਗੀ।

ਵੈਨੇਜ਼ੁਏਲਾ 'ਚ US Strike ਮੂਹਰੇ ਰੂਸੀ ਡਿਫ਼ੈਂਸ ਸਿਸਟਮ ਵੀ ਸੀ ਫ਼ੇਲ੍ਹ

ਕਰਾਕਸ: ਅਮਰੀਕੀ ਫ਼ੌਜ ਨੇ ਵੈਨੇਜ਼ੁਏਲਾ 'ਚ ਇੱਕ ਬੇਹੱਦ ਗੁਪਤ ਤੇ ਤੇਜ਼ ਰਫ਼ਤਾਰ ਫ਼ੌਜੀ ਕਾਰਵਾਈ ਕਰਦਿਆਂ ਉੱਥੋਂ ਦੇ ਤਾਨਾਸ਼ਾਹ ਨਿਕੋਲਸ ਮਦੂਰੋ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਔਪ੍ਰੇਸ਼ਨ ਐਬਸੋਲਿਊਟ ਰੀਜ਼ੌਲਵ (**Operation Absolute Resolve**) ਦੇ ਨਾਮ ਹੇਠ 3 ਜਨਵਰੀ ਨੂੰ ਕੀਤੇ ਗਏ ਇਸ ਹਮਲੇ 'ਚ ਅਮਰੀਕਾ ਨੇ ਵੈਨੇਜ਼ੁਏਲਾ ਦੇ ਸੁਰੱਖਿਆ ਘੇਰੇ ਨੂੰ ਤਹਿਸ-ਨਹਿਸ ਕਰ ਦਿੱਤਾ, ਪਰ ਹੈਰਾਨੀ ਦੀ ਗੱਲ ਇਹ ਸੀ ਕਿ ਵੈਨੇਜ਼ੁਏਲਾ ਦੀ ਰਾਖੀ ਲਈ ਰੂਸੀ ਡਿਫ਼ੈਂਸ ਸਿਸਟਮ **S-300** ਤਾਇਨਾਤ ਸੀ ਜੋ ਇਨ੍ਹਾਂ ਹਮਲਿਆਂ ਨੂੰ ਰੋਕ ਨਾ ਸਕਿਆ।



150 ਤੋਂ ਵੱਧ ਜਹਾਜ਼ਾਂ ਨੇ ਬੋਲਿਆ ਹੱਲਾ: ਰਾਸ਼ਟਰਪਤੀ ਡੌਨਲਡ ਟਰੰਪ ਅਨੁਸਾਰ ਇਸ ਔਪ੍ਰੇਸ਼ਨ 'ਚ 150 ਤੋਂ ਵੱਧ ਅਮਰੀਕੀ ਜਹਾਜ਼ ਸ਼ਾਮਿਲ ਸਨ ਜਿਨ੍ਹਾਂ 'ਚ **F-22, F-35** ਫ਼ਾਈਟਰ ਜੈੱਟਸ, **B-1** ਬੰਬਾਰ ਅਤੇ ਕਈ ਡਰੋਨਜ਼ ਸ਼ਾਮਿਲ ਸਨ।

ਅਮਰੀਕੀ ਹਵਾਈ ਸੈਨਾ ਨੇ ਵੈਨੇਜ਼ੁਏਲਾ ਦੇ ਹਵਾਈ ਰੱਖਿਆ ਪ੍ਰਣਾਲੀ (**Air Defense Systems**) ਨੂੰ ਪੂਰੀ ਤਰ੍ਹਾਂ ਬੇਕਾਰ ਕਰ ਦਿੱਤਾ ਤਾਂ ਜੋ ਹੈਲੀਕੌਪਟਰਜ਼ ਸੁਰੱਖਿਅਤ ਤਰੀਕੇ ਨਾਲ ਮਦੂਰੋ ਦੇ ਟਿਕਾਣੇ ਤਕ ਪਹੁੰਚ ਸਕਣ।

ਸਾਈਬਰ ਹਮਲੇ ਨਾਲ ਗੁਲ ਕੀਤੀ ਬਿਜਲੀ: ਹਮਲੇ ਦੌਰਾਨ ਵੈਨੇਜ਼ੁਏਲਾ ਦੀ ਰਾਜਧਾਨੀ ਕਰਾਕਸ 'ਚ ਪੂਰੀ ਤਰ੍ਹਾਂ ਬਲੈਕਆਊਟ ਹੋ ਗਿਆ। ਰਾਸ਼ਟਰਪਤੀ ਟਰੰਪ ਨੇ ਸੰਕੇਤ ਦਿੱਤਾ ਸੀ ਕਿ ਅਮਰੀਕੀ ਸਾਈਬਰ ਕਮਾਂਡ ਨੇ ਆਪਣੀ ਵਿਸ਼ੇਸ਼ ਮੁਹਾਰਤ ਦੀ ਵਰਤੋਂ ਕਰਦਿਆਂ ਸ਼ਹਿਰ ਦੀ ਬਿਜਲੀ ਬੰਦ ਕਰ ਦਿੱਤੀ ਸੀ ਤਾਂ ਜੋ ਦੁਸ਼ਮਣ ਦੇ ਸੰਚਾਰ ਸਾਧਨਾਂ ਨੂੰ ਠੱਪ ਕੀਤਾ ਜਾ ਸਕੇ।

ਰੂਸੀ ਰੱਖਿਆ ਸਿਸਟਮ ਹੋਏ ਫ਼ੇਲ੍ਹ: ਹੈਰਾਨੀ ਦੀ ਗੱਲ ਇਹ ਰਹੀ ਕਿ ਵੈਨੇਜ਼ੁਏਲਾ ਕੋਲ ਰੂਸ ਦੇ ਬਣੇ ਸ਼ਕਤੀਸ਼ਾਲੀ **S-300** ਮਿਜ਼ਾਈਲ ਸਿਸਟਮ ਹੋਣ ਦੇ ਬਾਵਜੂਦ ਉਹ ਅਮਰੀਕੀ ਜਹਾਜ਼ਾਂ ਨੂੰ ਰੋਕਣ 'ਚ ਨਾਕਾਮ ਰਹੇ। ਅਮਰੀਕੀ ਰੱਖਿਆ ਸਕੱਤਰ ਪੀਟ ਹੈਗਸੈੱਥ ਨੇ ਚੁਟਕੀ ਲੈਂਦਿਆਂ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਰੂਸੀ ਰੱਖਿਆ ਸਿਸਟਮ ਨੇ ਠੀਕ ਤਰ੍ਹਾਂ ਕੰਮ ਨਹੀਂ ਕੀਤਾ। ਉਸ ਕਾਰਵਾਈ 'ਚ ਸਿਰਫ਼ ਸੱਤ ਅਮਰੀਕੀ ਸੈਨਿਕ ਜ਼ਖਮੀ ਹੋਏ ਸਨ ਜਦ ਕਿ ਕੋਈ ਵੀ ਜਹਾਜ਼ ਨਹੀਂ ਡਿੱਗਿਆ।

ਨਸ਼ਾ ਤਸਕਰੀ ਦੇ ਦੋਸ਼ਾਂ ਹੇਠ ਅਦਾਲਤ 'ਚ ਪੇਸ਼ੀ: ਗ੍ਰਿਫ਼ਤਾਰੀ ਤੋਂ ਬਾਅਦ ਮਦੂਰੋ ਤੇ ਉਸ ਦੀ ਪਤਨੀ ਸੀਲੀਆ ਫ਼ਲੋਰੇਜ਼ ਨੂੰ ਨਿਊ ਯੌਰਕ ਲਿਆਉਂਦਾ ਗਿਆ ਜਿੱਥੇ ਲੰਘੀ 5 ਜਨਵਰੀ ਨੂੰ ਉਨ੍ਹਾਂ ਨੂੰ ਨਸ਼ਾ ਤਸਕਰੀ (**Drug Trafficking**) ਦੇ ਦੋਸ਼ਾਂ ਤਹਿਤ ਮੈਨਹਟਨ ਦੀ ਫ਼ੈੱਡਰਲ ਅਦਾਲਤ 'ਚ ਪੇਸ਼ ਕੀਤਾ ਗਿਆ। ਦੋਵਾਂ ਨੇ ਅਦਾਲਤ 'ਚ ਖ਼ੁਦ ਨੂੰ ਬੇਗੁਨਾਹ ਦੱਸਿਆ ਹੈ।

ਅਮਰੀਕਾ 'ਚ ਉੱਠ ਰਹੇ ਨੇ ਸਿਆਸੀ ਸਵਾਲ: ਜਿੱਥੇ ਟਰੰਪ ਪ੍ਰਸ਼ਾਸਨ ਇਸ ਨੂੰ ਨਸ਼ਾ ਤਸਕਰੀ ਵਿਰੁੱਧ ਇੱਕ ਲਾਅ ਐਨਫ਼ੋਰਸਮੈਂਟ ਕਾਰਵਾਈ ਦੱਸ ਰਿਹਾ ਹੈ, ਉੱਥੇ ਹੀ ਅਮਰੀਕੀ ਸੰਸਦ (ਕਾਂਗਰਸ) 'ਚ ਇਸ ਦੀ ਕਾਨੂੰਨੀ ਮਾਨਤਾ 'ਤੇ ਸਵਾਲ ਉੱਠ ਰਹੇ ਹਨ। ਡੈਮੋਕ੍ਰੈਟਿਕ ਆਗੂਆਂ ਨੇ ਦੋਸ਼ ਲਾਇਆ ਹੈ ਕਿ ਸੰਸਦ ਦੀ ਮਨਜ਼ੂਰੀ ਤੋਂ ਬਿਨਾਂ ਦੂਜੇ ਦੇਸ਼ 'ਚ ਅਜਿਹੀ ਕਾਰਵਾਈ ਕਰਨਾ ਸੰਵਿਧਾਨਕ ਉਲੰਘਣਾ ਹੈ।

CIA ਦੇ ਏਜੰਟ ਇਸ ਹਮਲੇ ਤੋਂ ਕਈ ਮਹੀਨੇ ਪਹਿਲਾਂ ਹੀ ਵੈਨੇਜ਼ੁਏਲਾ 'ਚ ਸਰਗਰਮ ਸਨ ਜਿਨ੍ਹਾਂ ਨੇ ਮਦੂਰੋ ਦੇ ਮੁੱਖ ਦਫ਼ਤਰ ਅਤੇ ਸੁਰੱਖਿਆ ਬੈਟਰੀਆਂ ਬਾਰੇ ਸਟੀਕ ਜਾਣਕਾਰੀ ਇਕੱਠੀ ਕੀਤੀ ਸੀ।

ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
GREEN PEPPER $1.49 LB 905-678-0300
Personal Loan Business Loan Home Line of Credit 905-965-4644
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644

ਗਣਤੰਤਰ ਦਿਵਸ 2026 ਦੌਰਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਹੋਵੇਗੀ ਪੰਜਾਬ ਦੀ ਝਾਕੀ

ਨਵੀਂ ਦਿੱਲੀ: ਦਿੱਲੀ ਵਿਖੇ 26 ਜਨਵਰੀ 2026 ਨੂੰ ਹੋਣ ਵਾਲੀ ਗਣਤੰਤਰ ਦਿਵਸ ਦੀ ਪਰੇਡ 'ਚ ਪੰਜਾਬ ਦੀ ਝਾਕੀ ਇੱਕ ਵਾਰ ਫ਼ਿਰ ਆਪਣੀ ਚਮਕ ਬਿਖੇਰੇਗੀ। ਪੁਖ਼ਤਾ ਸੂਤਰਾਂ ਦੇ ਹਵਾਲੇ ਨਾਲ ਇਹ ਖ਼ਬਰ ਸਾਹਮਣੇ ਆਈ ਹੈ ਕਿ ਰੱਖਿਆ ਮੰਤਰਾਲੇ ਨੇ ਪੰਜਾਬ ਸਰਕਾਰ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਲਈ ਇਹ ਇੱਕ ਵੱਡੀ ਪ੍ਰਾਪਤੀ ਹੈ। ਜਾਣਕਾਰੀ ਅਨੁਸਾਰ ਇਸ ਵਾਰ ਦੀ ਝਾਕੀ ਬੇਹੱਦ ਖ਼ਾਸ ਅਤੇ ਭਾਵੁਕ ਹੋਵੇਗੀ। ਇਹ ਝਾਕੀ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੋਵੇਗੀ। ਇਸ ਰਾਹੀਂ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਅਤੇ ਉਨ੍ਹਾਂ ਦੇ ਜੀਵਨ ਫ਼ਲਸਫ਼ੇ ਨੂੰ ਪੂਰੀ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।

ਹਰਿਆਣਾ ਨੂੰ ਲੱਗਾ ਝਟਕਾ, ਹਿਮਾਚਲ ਦੀ ਹੋਈ ਵਾਪਸੀ: ਜਿੱਥੇ ਪੰਜਾਬ ਦੀ ਝਾਕੀ ਕਰਤੱਵ ਪੱਥ 'ਤੇ ਦਿਖਾਈ ਦੇਵੇਗੀ, ਉੱਥੇ ਹੀ ਗੁਆਂਢੀ ਰਾਜ ਹਰਿਆਣਾ ਨੂੰ ਇਸ ਵਾਰ ਨਿਰਾਸ਼ਾ ਹੱਥ ਲੱਗੀ ਹੈ। ਰੱਖਿਆ ਮੰਤਰਾਲੇ ਨੇ ਹਰਿਆਣਾ ਵਲੋਂ ਭੇਜੀ ਗਈ ਰਾਖੀਗੜ੍ਹੀ (ਸਿੰਧੂ ਘਾਟੀ ਸਭਿਅਤਾ) ਦੀ ਥੀਮ ਵਾਲੀ ਝਾਕੀ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ ਹਾਲਾਂਕਿ ਹਿਮਾਚਲ ਪ੍ਰਦੇਸ਼ ਲਈ ਖੁਸ਼ੀ ਦੀ ਖ਼ਬਰ ਹੈ ਕਿਉਂਕਿ ਪੰਜ ਸਾਲਾਂ ਦੇ ਲੰਬੇ ਅੰਤਰਾਲ ਤੋਂ ਬਾਅਦ ਰਾਜ ਦੀ ਝਾਕੀ ਨੂੰ ਪਰੇਡ 'ਚ ਸ਼ਾਮਿਲ ਕੀਤਾ ਗਿਆ ਹੈ।

ਰੋਟੇਸ਼ਨ ਨੀਤੀ ਤਹਿਤ ਹੋਇਆ ਚੋਣ: ਰੱਖਿਆ ਮੰਤਰਾਲੇ ਨੇ ਇਸ ਵਾਰ 17 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਝਾਕੀਆਂ ਨੂੰ ਮਨਜ਼ੂਰੀ ਦਿੱਤੀ ਹੈ। ਅਧਿਕਾਰੀਆਂ ਅਨੁਸਾਰ ਇਹ ਚੋਣ ਰੋਟੇਸ਼ਨ ਪੀਰੀਅਡ ਤਹਿਤ ਕੀਤੀ ਗਈ ਹੈ ਤਾਂ ਜੋ ਸਾਰੇ ਰਾਜਾਂ ਨੂੰ ਆਪਣੀ ਵਿਰਾਸਤ ਦਿਖਾਉਣ ਦਾ ਮੌਕਾ ਮਿਲ ਸਕੇ। ਹਰਿਆਣਾ ਦੀ ਝਾਕੀ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਪਰੇਡ ਦਾ ਹਿੱਸਾ ਬਣ ਰਹੀ ਸੀ ਜਿਸ ਕਾਰਨ ਇਸ ਵਾਰ ਉਸ ਨੂੰ ਜਗ੍ਹਾ ਨਹੀਂ ਮਿਲੀ।

12 Beds, 7 Baths For 24 Guests 905-965-4644
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 905-450-5600
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਦੰਦਾਂ ਦੀ ਦੇਖਭਾਲ 905-450-5600
ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700